144

ਨੰਬਰ 3093-94 /1-L ਮਿਤੀ 11/10 /2017

ਸੇਵਾ ਵਿਖੇ,

ਪ੍ਰਬੰਧਕ ਅਫਸਰ,
ਜਲੰਧਰ ਡਿਵੈਲਪਮੈਂਟ ਅਥਾਰਟੀ,
ਪੁੱਡਾ ਕੰਮਪਲੈਕਸ,ਲਾਡੋਵਾਲੀ ਰੋਡ,
ਜਲੰਧਰ ।

ਵਿਸ਼ਾਂ: ਪਾਪਰਾ ਐਕਟ, 1995, ਪਾਪਰਾ (ਅਮੈਂਡਮੈਂਟ) ਐਕਟ, 2014 ਅਤੇ Affordable Housing Policy-2016 ਤਹਿਤ 12.5 ਏਕੜ ਰਕਬੇ ਵਿੱਚ AGI Sky Garden Project, ਪਿੰਡ ਖਜੂਰਲਾ, ਤਹਿਸੀਲ ਫਗਵਾੜਾ, ਜ਼ਿਲ੍ਹਾਂ ਕਪੂਰਥਲਾ ਦਾ ਲਾਇਸੈਂਸ ਜਾਰੀ ਕਰਨ ਬਾਰੇ ।

ਹਵਾਲਾ: ਆਪ ਜੀ ਦੇ ਦਫਤਰ ਦਾ ਪੱਤਰ ਨੰ:ਸੀਏ-ਜੇਡੀਏ-2017/7829 ਮਿਤੀ 29--09-2017 ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਇਸ ਦਫਤਰ ਅਧੀਨ ਪੈਂਦੇ ਉਪ ਮੰਡਲ ਅਫਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਨੇ ਆਪਣੇ ਪੱਤਰ ਨੰ: 481/1-ਡਬਲਯੂ. ਮਿਤੀ 09-10-2017 ਰਾਹੀਂ ਮੌਕਾ ਦੇਖਣ ਉਪਰੰਤ ਰਿਪੋਰਟ ਕੀਤੀ ਹੈ ਕਿ ਇਸ ਪ੍ਰੋਜੈਕਟ ਤੋ ਈਸਟ ਬੇਈਂ ਲਗਭੱਗ 5500 ਫੁੱਟ ਦੂਰ ਹੈ ਅਤੇ ਇਤਰਾਜ਼ਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾ ਸਕਦਾ ਹੈ:-

1) ਕਿ ਪਿੰਡ ਖਜੂਰਲਾ, ਤਹਿਸੀਲ ਫਗਵਾੜਾ, ਜ਼ਿਲ੍ਹਾਂ ਕਪੂਰਥਲਾ ਵਿਖੇ ਰਿਹਾਇਸ਼ੀ ਕਲੋਨੀ ਦੀ ਉਸਾਰੀ ਕਰਦੇ ਸਮੇਂ ਈਸਟ ਬੇਈਂ ਵਿੱਚ ਰਿਹਾਇਸ਼ੀ ਕੋਠੀਆ ਦਾ ਟ੍ਰੀਟਡ ਜਾਂ ਅਨ-ਟ੍ਰੀਟਡ ਪਾਣੀ ਨਾ ਸੁੱਟਿਆ ਜਾਵੇ, ਤਾਂ ਜੋ ਡਰੇਨ ਵਿੱਚ ਚੱਲ ਰਹੇ ਬਰਸਾਤੀ ਪਾਣੀ ਜਾਂ ਪਾਣੀ ਦੇ ਕੁਦਰਤੀ ਵਹਾਅ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਪੈਦਾ ਨਾ ਹੋਵੇ ਅਤੇ ਨਾ ਹੀ ਕੁਦਰਤੀ ਵਾਤਾਵਰਣ ਪ੍ਰਭਾਵਿਤ ਹੋਵੇ ।
2) ਕਿ ਇਹ ਰਿਹਾਇਸ਼ੀ ਕਲੋਨੀ/ਕੋਠੀਆ ਦਾ ਟ੍ਰੀਟਡ ਜਾਂ ਅਣ-ਟ੍ਰੀਟਡ ਪਾਣੀ ਨਾਲ ਲੱਗਦੇ ਜ਼ਿੰਮੀਦਾਰਾਂ ਦੀ ਵਾਹਯੋਗ ਜ਼ਮੀਨ ਦੀ ਸਿੰਚਾਈ ਵਾਸਤੇ ਵਰਤਿਆ ਜਾਵੇ ਜਾਂ ਤਜਵੀਜ਼ਤ ਰਿਹਾਇਸ਼ੀ ਕਲੋਨੀ ਅਧੀਨ ਪੈਂਦੇ ਗਰੀਨ ਬੈਲਟ ਵਿੱਚ ਪਲਾਨਟੇਸ਼ਨ ਵਾਸਤੇ ਵਰਤਿਆ ਜਾਵੇ ।
3) ਕਿ ਰਿਹਾਇਸ਼ੀ ਕਲੋਨੀ ਦੀ ਉਸਾਰੀ ਕਰਦੇ ਸਮੇਂ ਸਰਕਾਰ ਦੀ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ, ਫਸਲ ਹਿਊਮਨ ਲਾਈਫ ਆਦਿ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਇਸ ਪ੍ਰੋਜੈਕਟ ਦੇ ਮਾਲਕ ਦੀ ਹੋਵੇਗੀ ।

ਕਾਰਜਕਾਰੀ ਇੰਜੀਨੀਅਰ,
ਜਲੰਧਰ ਜਲ ਨਿਕਾਸ ਮੰਡਲ,
ਜਲੰਧਰ ।

ਸੀ.ਸੀ.:- ਉਪ ਮੰਡਲ ਅਫਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰਬਰ: 481/1-ਡਬਲਯੂ. ਮਿਤੀ 09-10--2017 ਦੇ ਸਬੰਧ ਵਿੱਚ ਭੇਜੀ ਜਾਂਦੀ ਹੈ